ਦਫਤਰ: ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਮੁਬਾਰਕਪੁਰ

ਵੱਲ;

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ: 2, ਲੋ:ਨਿ:ਵਿ: ਭ ਤੇ ਮ ਸ਼ਾਖਾ,
ਪਟਿਆਲਾ।

ਨੰ: 39 ਮਿਤੀ: 26/04/24

**ਵਿਸ਼ਾ:** **ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**
**(AC Global School, Banur, Dist.: SAS Nagar).**

**ਹਵਾਲਾ:** **ਆਪ ਜੀ ਦਾ ਪਿੱਠ ਅੰਕਣ ਨੰ: 6785 ਮਿਤੀ: 14.02.2024 ।**

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ **AC Global School, Banur, Dist.: SAS Nagar** ਦਾ ਨਿਰੀਖਣ ਇਸ ਉਪ ਮੰਡਲ ਦੇ ਜੂਨੀਅਰ ਇੰਜੀਨੀਅਰ ਇੰਜ: ਗਗਨਦੀਪ ਸਿੰਘ ਅਤੇ ਨਿਮਨਹਸਤਾਖ਼ਰ ਵਲੋਂ ਮਿਤੀ **15.04.2024** ਨੂੰ ਕੀਤਾ ਗਿਆ। ਨਿਰੀਖਣ ਕਰਨ ਦੌਰਾਨ ਸਕੂਲ ਦੀ ਇਮਾਰਤ ਉਪਰੋਂ ਦੇਖਣ ਨੂੰ ਸੁਰੱਖਿਅਤ ਜਾਪਦੀ ਹੈ। ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਫਾਇਰ ਸਟੇਸ਼ਨ ਅਫਸਰ, ਜ਼ੀਰਕਪੁਰ ਵੱਲੋਂ ਉਨ੍ਹਾਂ ਦੇ ਪੱਤਰ ਨੰ: **1501-76687-Fire/57983** ਮਿਤੀ **02.10.2023** ਦੁਆਰਾ ਇੱਕ ਸਾਲ ਦੇ ਸਮੇਂ ਲਈ ਜਾਰੀ ਕੀਤਾ ਗਿਆ ਹੈ। ਸਕੂਲ ਦੀ ਇਮਾਰਤ ਦੇ ਕਵਰਡ ਏਰੀਆ ਅਤੇ ਪੰਜਾਬ ਸਰਕਾਰ ਦੇ ਪੱਤਰ ਨੰ: 5/13/2018-3BR3/1294287/3 ਮਿਤੀ ਚੰਡੀਗੜ੍ਹ 10.08.2018 ਅਨੁਸਾਰ ਬਣਦੀ ਇੰਸਪੈਕਸ਼ਨ ਫੀਸ ਦਾ ਵੇਰਵਾ ਇਸ ਤਰਾਂ ਹੈ:-

| ਲੜੀ ਨੰ: | ਸਕੂਲ ਦਾ ਨਾਂ | ਉਸਾਰੀ ਦਾ ਸਾਲ | ਸਟਰਕਚਰ | ਕਵਰਡ ਏਰੀਆ (ਵਰਗ ਫੁੱਟ) | ਬਣਦੀ ਇੰਸਪੈਕਸ਼ਨ ਫੀਸ (ਰੁਪਏ) | ਵਿਸ਼ੇਸ਼ ਕਥਨ |
|---|---|---|---|---|---|---|
| **1** | **AC Global School, Banur, Dist.: SAS Nagar** | **2007** | **RCC Frame Structure** | **38818 Sq.Ft.** | **10x10000=1,00,000** | |

ਪ੍ਰਾਰਥੀ ਵੱਲੋਂ ਬਣਦੀ ਫੀਸ ਕੁੱਲ ਇੱਕ ਲੱਖ ਰੁਪਏ ਜੀ.ਆਰ. ਨੰ: 3909340 ਮਿਤੀ: 18/4/24 ਰੁ: 20,000/- ਅਤੇ ਜੀ.ਆਰ. ਨੰ: 3909341 ਮਿਤੀ: 25/4/24 ਰੁ: 80,000/- ਰਾਹੀਂ ਜਮਾਂ ਕਰਵਾ ਦਿੱਤੀ ਗਈ ਹੈ। ਇਸ ਲਈ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ: **31.03.2034** ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ:-

1. ਜੇ ਸਕੂਲ ਦੀ ਇਮਾਰਤ ਵਿੱਚ ਕਿਸੇ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਇਆ ਜਾਵੇ ਤੇ ਕੰਮ ਮੁਕੰਮਲ ਹੋਣ ਉਪਰੰਤ ਸਬੰਧਤ ਇੰਜੀਨੀਅਰ ਤੋਂ ਇਸ ਦਾ ਸਰਟੀਫਿਕੇਟ ਦੁਬਾਰਾ ਲਿਆ ਜਾਵੇ।
2. ਜੇ ਇਮਾਰਤ ਹੜ੍ਹਾਂ ਜਾਂ ਕਿਸੇ ਹੋਰ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਹੁੰਦੀ ਹੈ ਤਾਂ ਤੁਰੰਤ ਹੀ ਇਸ ਨੂੰ ਵਿਭਾਗ ਤੋਂ ਦੁਬਾਰਾ ਚੈੱਕ ਕਰਵਾਇਆ ਜਾਵੇ।
3. ਫਾਇਰ ਸੇਫਟੀ ਸਰਟੀਫਿਕੇਟ ਨਵੀਂਕਰਨ ਦੀ ਨਿਰੋਲ ਜਿੰਮੇਵਾਰੀ ਬਿਨੈਕਾਰ ਦੀ ਹੋਵੇਗੀ ਨਹੀਂ ਤਾਂ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ ਖਤਮ ਹੋਣ ਤੋਂ ਤੁਰੰਤ ਬਾਅਦ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ। ਫਾਇਰ ਸਟੇਸ਼ਨ ਅਫਸਰ, ਡੇਰਾਬੱਸੀ ਦੀ ਸ਼ਰਤਾਂ ਮੁਤਾਬਕ ਅੱਗ ਬੁਝਾਊ ਯੰਤਰ ਤਸੱਲੀਬਖ਼ਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

ਨੱਥੀ/ ਕੇਸ ਮੂਲ ਰੂਪ ਵਿੱਚ

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ.ਨਿ.ਵਿ., ਭਤੇਮ ਸ਼ਾਖਾ
ਮੁਬਾਰਕਪੁਰ